Dispatch No I/21567/2020

ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਰੀਦਕੋਟ

– ਜ਼ਿਲ੍ਹਾ ਮੈਜਿਸਟਰੇਟ ਵੱਲੋਂ ਕਰਫਿਊ ਦੌਰਾਨ ਜ਼ਰੂਰੀ ਵਸਤਾਂ ਦੀਆਂ ਦੁਕਾਨਾਂ ਸਵੇਰੇ 7 ਵਜੇ ਤੋਂ ਸਵੇਰੇ 11 ਵਜੇ ਤੱਕ ਖੋਲਣ ਦੀ ਖੁੱਲ

– ਸ਼ਰਾਬ ਦੇ ਠੇਕੇ ਪਹਿਲਾਂ ਵਾਂਗ ਬੰਦ ਰਹਿਣਗੇ

– ਮਾਰਕੀਟ ਕੰਪਲੈਕਸਾਂ, ਸ਼ਾਪਿੰਗ ਮਾਲਾਂ ਦੀਆਂ ਦੁਕਾਨਾਂ ਖੋਲਣ ਦੀ ਆਗਿਆ ਨਹੀਂ ਹੋਵੇਗੀ

– ਫਰੀਦਕੋਟ, ਕੋਟਕਪੂਰਾ ਅਤੇ ਜੈਤੋ ਵਿਖੇ ਜੋਨ ਅਤੇ ਦਿਨ ਵਾਈਜ਼ ਦੁਕਾਨਾਂ ਖੋਲਣ ਦਾ ਵੇਰਵਾ ਦਿੱਤਾ

– ਨਾਈ,ਸੈਲੂਨ ਦੀਆਂ ਦੁਕਾਨਾਂ ਬੰਦ ਰਹਿਣਗੀਆਂ

– ਖੇਤੀਬਾੜੀ ਖੇਤਰ,ਉਦਯੋਗ ਸੈਕਟਰ ਨੂੰ ਪਹਿਲਾਂ ਦਿੱਤੀਆਂ ਛੋਟਾਂ ਜਾਰੀ ਰਹਿਣਗੀਆਂ

ਫਰੀਦਕੋਟ 1 ਮਈ,2020 (     )     ਜ਼ਿਲਾ ਮੈਜਿਸਟਰਟ ਫਰੀਦਕੋਟ ਸ੍ਰੀ ਕੁਮਾਰ ਸੌਰਭ ਰਾਜ ਆਈ ਏ ਐਸ ਨੇ ਜ਼ਿਲ੍ਹੇ ਵਿਚ 23 ਮਾਰਚ 2020 ਤੋਂ ਕਰੋਨਾ ਮਹਾਂਮਾਰੀ ਦੇ ਫੈਲਾਅ ਨੂੰ ਰੋਕਣ ਲਈ ਜਾਰੀ ਕਰਫਿਊ ਦੀ ਲਗਾਤਾਰਤਾ ਦੇ ਵਿਚ ਪੰਜਾਬ ਸਰਕਾਰ ਦੇ ਵਧੀਕ ਚੀਫ ਸਕੱਤਰ ਗ੍ਰਹਿ ਅਤੇ ਨਿਆ ਮਾਲੇ ਦੇ ਪੱਤਰ ਦੇ ਸਬੰਧ ਵਿਚ ਜ਼ਿਲ੍ਹਾ ਫਰੀਦਕੋਟ ਅੰਦਰ ਜ਼ਰੂਰੀ ਵਸਤਾਂ ਦੀਆਂ ਦੁਕਾਨਾਂ ਨੂੰ ਕਰਫਿਊ ਦੌਰਾਨ ਸਵੇਰੇ 7 ਵਜੇ ਤੋਂ ਸਵੇਰੇ 11 ਵਜੇ ਤੱਕ ਖੋਲਣ ਲਈ ਅਗਲੇ ਹੁਕਮਾਂ ਤੱਕ ਛੋਟ ਦਿੱਤੀ ਹੈ।

ਜ਼ਿਲ੍ਹਾ ਮੈਜਿਸਟਰੇਟ ਵੱਲੋਂ ਮਿਤੀ 30 ਅਪ੍ਰੈਲ 2020 ਨੂੰ ਜਾਰੀ ਆਪਣੇ ਹੁਕਮਾਂ ਵਿਚ ਕਿਹਾ ਕਿ ਪੇਂਡੂ ਖੇਤਰਾਂ ਵਿੱਚ, ਦੁਕਾਨਾਂ ਅਤੇ ਸਥਾਪਨਾ ਐਕਟ ਤਹਿਤ ਰਜਿਸਟਰਡ ਸਾਰੀਆਂ ਦੁਕਾਨਾਂ ਮਲਟੀ-ਬ੍ਰਾਂਡ ਅਤੇ ਸਿੰਗਲ-ਬ੍ਰਾਂਡ ਮਾਲਾਂ ਨੂੰ ਛੱਡ ਕੇ, ਕਾਮਿਆਂ ਦੀ 50% ਗਿਣਤੀ ਨਾਲ ਖੋਲ੍ਹਣ ਦੀ ਆਗਿਆ ਦਿੱਤੀ ਹੈ।ਜਿਹੜੇ ਦੁਕਾਨਦਾਰ, ਦੁਕਾਨਾਂ ਅਤੇ ਵਪਾਰਕ ਸਥਾਪਨਾ ਐਕਟ, 1958 ਤਹਿਤ ਰਜਿਸਟਰਡ ਨਹੀਂ ਹਨ, ਉਨ੍ਹਾਂ ਨੂੰ ਤਿੰਨ ਦਿਨਾਂ ਦੇ ਅੰਦਰ ਰਜਿਸਟਰਡ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।ਉਹ ਵੈੱਬਸਾਈਟ pblabour.gov.in ‘ਤੇ ਰਜਿਸਟ੍ਰੇਸ਼ਨ ਲਈ ਅਰਜ਼ੀ ਦੇ ਸਕਦੇ ਹਨ।

ਸ਼ਹਿਰੀ ਖੇਤਰਾਂ ਵਿੱਚ, ਰਿਹਾਇਸ਼ੀ ਕੰਪਲੈਕਸਾਂ ਵਿੱਚ ਸਾਰੀਆਂ ਦੁਕਾਨਾਂ, ਨੇਬਰਹੁਡ ਦੀਆਂ ਦੁਕਾਨਾਂ ਅਤੇ ਰਿਹਾਇਸ਼ੀ ਖੇਤਰ ਵਿਚ ਦੁਕਾਨਾਂ ਖੋਲ੍ਹਣ ਦੀ ਆਗਿਆ ਹੈ।

ਮਾਰਕੀਟ ਕੰਪਲੈਕਸਾਂ ਅਤੇ ਸ਼ਾਪਿੰਗ ਮਾਲਾਂ ਵਿਚ ਦੁਕਾਨਾਂ ਖੋਲ੍ਹਣ ਦੀ ਆਗਿਆ ਨਹੀਂ ਹੈ।ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜ਼ਰੂਰੀ ਵਸਤਾਂ ਦੀ ਸਪਲਾਈ ਵਾਲੀਆਂ ਦੁਕਾਨਾਂ ਨੂੰ ਹੀ ਖੋਲਣ ਦੀ ਆਗਿਆ ਦਿੱਤੀ ਗਈ ਹੈ।

ਸੈਲੂਨ, ਨਾਈ ਦੀਆਂ ਦੁਕਾਨਾਂ ਆਦਿ ਸੇਵਾਵਾਂ ਵਾਲੀਆਂ ਦੁਕਾਨਾਂ ਅਤੇ ਅਦਾਰੇ ਬੰਦ ਰਹਿਣਗੇ।

ਈ-ਕਾਮਰਸ ਕੰਪਨੀਆਂ ਨੂੰ ਸਿਰਫ ਜਰੂਰੀ ਵਸਤਾਂ ਦੀ ਸਪਲਾਈ ਜਾਰੀ ਰੱਖਣ ਦੀ ਆਗਿਆ ਹੋਵੇਗੀ।

ਪੇਂਡੂ ਖੇਤਰ ਵਿੱਚ ਹਰ ਕਿਸਮ ਦੀਆਂ ਨਵੀਆਂ ਉਸਾਰੀਆਂ ਨੂੰ ਬਿਨਾਂ ਕਿਸੇ ਪਾਬੰਦੀਆਂ ਦੇ ਜਾਰੀ ਰੱਖਣ ਦੀ ਆਗਿਆ ਹੈ,(ਸਮਾਜਿਕ ਦੂਰੀ ਅਤੇ ਠੇਕੇਦਾਰਾਂ ਵੱਲੋਂ ਮਜ਼ਦੂਰਾਂ ਨੂੰ ਜਾਂ ਤਾਂ ਇਕ ਜਗ੍ਹਾ ‘ਤੇ ਰੱਖਿਆ ਜਾਵੇਗਾ ਜਾਂ ਟਰਾਂਸਪੋਰਟ ਦੀ ਵਿਵਸਥਾ ਠੇਕੇਦਾਰ ਦੁਆਰਾ ਕੀਤੀ ਜਾਏਗੀ।

ਸ਼ਹਿਰੀ ਖੇਤਰਾਂ ਵਿਚ ਸਿਰਫ ਚੱਲ ਰਹੇ ਪ੍ਰਾਜੈਕਟ ਹੀ ਸਾਈਟ ‘ਤੇ ਕਰਮਚਾਰੀਆਂ ਦੀ ਉਪਲਬਧਤਾ ਦੇ ਅਧੀਨ ਜਾਰੀ ਰੱਖ ਸਕਦੇ ਹਨ। ਇਸ ਤੋਂ ਇਲਾਵਾ ਨਿੱਜੀ ਰਿਹਾਇਸ਼ੀ / ਵਪਾਰਕ ਬਿਲਡਿੰਗਜ਼ ਸਬੰਧੀ ਨਵਾ ਕੰਮ ਸ਼ੁਰੂ ਕਰਨ ਲਈ ਸਬੰਧਤ ਉਪ ਮੰਡਲ ਮੈਜਿਸਟਰੇਟ ਤੋਂ ਮਨਜ਼ੂਰੀ ਪ੍ਰਾਪਤ ਕਰਨੀ ਹੋਵੇਗੀ।

ਸ਼ਰਾਬ ਦੀ ਵਿਕਰੀ ਤੇ ਪਹਿਲਾਂ ਵਾਂਗ ਪੂਰਨ ਰੋਕ ਜਾਰੀ ਰਹੇਗੀ।

ਉਪਰੋਕਤ ਤੋਂ ਇਲਾਵਾ, ਖੇਤੀਬਾੜੀ ਸੈਕਟਰ ਨਾਲ ਸਬੰਧਤ ਦੁਕਾਨਾਂ ਨੂੰ ਪਹਿਲਾਂ ਹੀ ਦਿੱਤੀਆਂ ਗਈਆਂ ਕੁਝ ਛੋਟਾਂ ਜਾਰੀ ਰਹਿਣਗੀਆਂ। ਜ਼ਿਲ੍ਹਾ ਫਰੀਦਕੋਟ ਵਿੱਚ ਇਸੇ ਤਰ੍ਹਾਂ ਉਦਯੋਗ ਖੇਤਰ ਨੂੰ ਚਲਾਉਣ ਲਈ ਪਹਿਲਾਂ ਤੋਂ ਦਿੱਤੀਆਂ ਛੋਟਾਂ ਜਾਰੀ ਰਹਿਣਗੀਆਂ।

ਸੁਪਰ ਸਟੋਰ ਜਿਵੇ ਕਿ  ਈ ਜ਼ੀ ਡੇਅ, ਮੋਰ, ਆਧਾਰ ਆਦਿ ਸਵੇਰੇ 07.00 ਤੋਂ ਸਵੇਰੇ 11.00 ਵਜੇ ਤੱਕ ਖੁੱਲਣਗੇ ਅਤੇ ਇੱਕ ਵਾਰ ਵਿੱਚ 05 ਤੋਂ ਵੱਧ ਵਿਅਕਤੀਆਂ ਨੂੰ ਆਪਣੀਆਂ ਦੁਕਾਨਾਂ 'ਤੇ ਅੰਦਰ ਜਾਣ ਇਜਾਜ਼ਤ ਨਹੀਂ ਦੇਣਗੇ। ਇਸ ਤੋਂ ਬਾਅਦ ਉਹ ਜਰੂਰੀ ਵਸਤਾਂ ਦੀ ਘਰ ਘਰ ਸਪਲਾਈ ਕਰ ਸਕਣਗੇ।

ਵੱਖ-ਵੱਖ ਕਰਿਆਨਾ ਦੀਆਂ ਦੁਕਾਨਾਂ, ਮੈਡੀਕਲ ਸਟੋਰਾਂ ਨੂੰ ਦਿੱਤੀਆਂ ਗਈਆਂ ਸਾਰੀਆਂ ਇਜਾਜ਼ਤਾਂ ਦਾ ਮਤਲਬ ਸਵੇਰੇ 11 ਵਜੇ ਤੋਂ ਬਾਅਦ ਰਾਸ਼ਨ, ਫਲ, ਸਬਜ਼ੀਆਂ ਅਤੇ ਦਵਾਈਆਂ ਦੀ ਘਰ ਘਰ ਸਪਲਾਈ ਜਾਰੀ ਰਹੇਗੀ ਜਿਵੇਂ ਕਿ ਪਹਿਲਾਂ ਕੀਤੀ ਗਈ ਸੀ।

ਇਸ ਤੋਂ ਇਲਾਵਾ ਹੋਰ ਕੈਟਾਗਰੀਆਂ ਦੀਆਂ ਦੁਕਾਨਾਂ ਨੂੰ ਵੀ ਰੋਸਟਰ ਅਨੁਸਾਰ ਖੋਲਣ ਦੀ ਮੰਜ਼ੂਰੀ ਦਿੱਤੀ।

ਜ਼ਿਲ੍ਹਾ ਫਰੀਦਕੋਟ,ਕੋਟਕਪੂਰਾ ਅਤੇ ਜੈਤੋ ਵਿਖੇ ਰੋਜ਼ਾਨਾ ਖੁੱਲਣ ਵਾਲੀਆਂ ਦੁਕਾਨਾਂ ਦਾ ਸ਼ਡਿਊਲ

ਇਹ ਦੁਕਾਨਾਂ ਹਰ ਰੋਜ  ਸਵੇਰੇ 07.00 ਤੋਂ ਸਵੇਰੇ 11.00 ਵਜੇ ਤੱਕ ਖੁੱਲ੍ਹਣਗੀਆਂ: ਜਿਵੇ ਕਿ ਕਰਿਆਨੇ ਅਤੇ ਬੇਕਰੀ ਦੀ ਸਪਲਾਈ,ਤਾਜ਼ੇ ਫਲ ਅਤੇ ਸਬਜ਼ੀਆਂ, ਮੀਟ ਅਤੇ ਅੰਡੇ ,ਪੀਣ ਵਾਲੇ ਪਾਣੀ ਦੀ ਸਪਲਾਈ, ਚਾਰੇ ਦੀ ਸਪਲਾਈ, ਪੋਲਟਰੀ ਫੀਡ, ਪਸ਼ੂ ਫੀਡ ਆਦਿ। ਮੈਡੀਕਲ ਸਟੋਰਾਂ ਤੋਂ ਦਵਾਈਆਂ ਅਤੇ ਹੋਰ ਫਾਰਮਾਸਿਟੀਕਲ ,ਮੈਡੀਕਲ ਲੈਬਾਰਟਰੀ / ਡਾਇਗਨੋਸਟਿਕ ਸੈਂਟਰ ਅਤੇ ਆਪਟੀਕਲ ਦੁਕਾਨਾਂ, ਮਟਨ ਅਤੇ ਚਿਕਨ ਦੀਆਂ ਦੁਕਾਨਾਂ ਸ਼ਾਮਿਲ ਹਨ।

ਫਰੀਦਕੋਟ,ਕੋਟਕਪੂਰਾ ਅਤੇ ਜੈਤੋ ਵਿਖੇ ਜੋਨ ਵਾਈਜ ਅਤੇ ਦਿਨ ਵਾਈਜ਼ ਖੁੱਲਣ ਵਾਲੀਆਂ ਦੁਕਾਨਾਂ ਦਾ ਵੇਰਵਾ

ਹੇਠ ਲਿਖੀ  ਸ਼੍ਰੇਣੀਆਂ ਦੀਆਂ ਦੁਕਾਨਾਂ / ਦਿਨਾਂ ਅਨੁਸਾਰ ਸਵੇਰੇ 07.00 ਤੋਂ ਸਵੇਰੇ 11.00 ਵਜੇ ਤੱਕ ਜ਼ੋਨ ਵਾਈਸ ਖੋਲ੍ਹਣ ਦੀ ਆਗਿਆ ਹੋਵੇਗੀ। ਇਸ ਸ਼੍ਰੇਣੀ ਦੀਆਂ ਉਹ ਦੁਕਾਨਾਂ ਜੋ ਕਿ ਮਾਰਕਿਟ ਜਾਂ ਮਾਰਕਿਟ ਕੰਪਲੈਕਸ ਵਿਚ ਨਹੀਂ ਹਨ, ਤੇ ਉਨ੍ਹਾਂ ਨੂੰ ਦਿਨ ਵਾਈਜ ਅਤੇ ਜੋਨ ਵਾਈਜ ਸਵੇਰੇ 7 ਵਜੇ ਤੋਂ ਸਵੇਰੇ 11 ਵਜੇ ਤੱਕ ਖੋਲਣ ਦੀ ਇਜ਼ਾਜਤ ਦਿੱਤੀ ਗਈ ਹੈ।

ਇਨ੍ਹਾਂ ਵਿਚ ਐਨਕਾਂ ਦੀਆਂ ਦੁਕਾਨਾਂ,ਸੀਮਿੰਟ ਅਤੇ ਬਿਲਡਿੰਗਜ਼ ਮਟੀਰੀਅਲ, ਹਾਰਡਵੇਅਰ ਸਟੋਰ, ਬੂਟਾਂ ਤੇ ਚਮੜੇ ਦੀਆਂ ਵਸਤਾਂ ਆਦਿ, ਮੋਬਾਇਲ ਫੋਨ ਦੀਆਂ ਦੁਕਾਨਾਂ, ਕਾਰ ਮੋਟਰ ਸਾਇਕਲ ਸਰਵਿਸ ਸਟੇਸ਼ਨ (ਸੀਮਤ ਵਰਕਰਾਂ ਨਾਲ) ਸਾਈਕਲ,ਸਕੂਟਰ ਮੁਰੰਮਤ ਦੀਆਂ ਦੁਕਾਨਾਂ, ਆਟੋ ਪਾਰਟਸ ਦੀਆਂ ਦੁਕਾਨਾਂ, ਟਾਈਰ ਟਿਊਬ ਤੇਲ ਅਤੇ ਲੁਬਰੀਕੈਂਟਸ ਆਦਿ ਦੀਆਂ ਦੁਕਾਨਾਂ, ਕਿਤਾਬਾਂ, ਸਟੇਸ਼ਨਰੀ ਅਤੇ ਮੈਗਜ਼ੀਨ ਦੀਆਂ ਦੁਕਾਨਾਂ, ਘਰੇਲੂ ਵਸਤਾਂ ਅਤੇ ਇਲੈਕਟਰੋਨਿਕਸ ਦੀਆਂ ਦੁਕਾਨਾਂ ਸ਼ਾਮਲ ਹਨ।

ਕਿਹੜੇ ਜੋਨ ਦੀਆਂ ਦੁਕਾਨਾਂ ਕਿਸ ਕਿਸ ਦਿਨ ਖੁੱਲਣਗੀਆਂ - (ਸਮਾਂ ਸਵੇਰੇ 7 ਵਜੇ ਤੋਂ ਸਵੇਰੇ 11 ਵਜੇ)

ਜ਼ੋਨ ਏ- ਫਰੀਦਕੋਟ, ਸਰਕੂਲਰ ਰੋਡ ਫਰੀਦਕੋਟ ਦਾ ਸਾਰਾ ਖੇਤਰ, ਸੋਮਵਾਰ ਅਤੇ ਵੀਰਵਾਰ ਉਪਰੋਕਤ ਸਮੇਂ ਅਨੁਸਾਰ ਦੁਕਾਨਾਂ ਖੁੱਲਣਗੀਆਂ।

ਜ਼ੋਨ ਬੀ- ਫਰੀਦਕੋਟ, ਉਹ ਦੁਕਾਨਾਂ ਜਿਹੜੀਆਂ ਕਿ ਭੋਲੂਵਾਲਾ ਰੋਡ ਦੇ ਖੱਬੇ ਪਾਸੇ ਤੋਂ ਰੇਲਵੇ ਸਟੇਸ਼ਨ ਤੋਂ ਭਾਈ ਘਨੱਈਆ ਚੌਂਕ ਤੋਂ ਬੱਸ ਸਟੈਂਡ ਰੋਡ ਤੋਂ ਅੱਗੇ ਅਮਰ ਆਸ਼ਰਮ ਤੋਂ ਕਮਿਆਨਾ ਚੌਂਕ ਅਤੇ ਟੀ ਸੀ ਪੀ ਆਰਮੀ ਗੇਟ ਤੱਕ, ਮੰਗਲਵਾਰ ਤੇ ਸੁਕਰਵਾਰ ਉਪਰੋਕਤ ਸਮੇਂ ਅਨੁਸਾਰ ਦੁਕਾਨਾਂ ਖੁੱਲਣਗੀਆਂ।

ਜ਼ੋਨ ਸੀ- ਫਰੀਦਕੋਟ, ਉਹ ਦੁਕਾਨਾਂ ਜਿਹੜੀਆਂ ਕਿ ਭੋਲੂਵਾਲਾ ਰੋਡ ਦੇ ਸੱਜੇ ਪਾਸੇ ਭੋਲੂਵਾਲਾ ਰੋਡ ਤੋਂ ਰੇਲਵੇ ਸਟੇਸ਼ਨ ਤੋਂ ਭਾਈ ਘਨੱਈਆ ਚੌਂਕ ਤੋਂ ਨੰਦਿਆਣਾ ਗੇਟ ਗਊਸ਼ਾਲਾ ਤੋਂ ਨਿਊ ਮਾਡਲ ਸਕੂਲ ਤੋਂ ਕਮਿਆਨਾ ਚੌਂਕ ਅਤੇ ਟੀ ਸੀ ਪੀ ਆਰਮੀ ਗੇਟ ਤੱਕ ਦੀਆਂ ਦੁਕਾਨਾਂ ਬੁੱਧਵਾਰ ਤੇ ਸ਼ਨੀਵਾਰ ਉਪਰੋਕਤ ਸਮੇਂ ਅਨੁਸਾਰ ਖੁੱਲਣਗੀਆਂ।

ਕੋਟਕਪੂਰਾ ਸ਼ਹਿਰ ਦਾ ਜੋਨ ਵਾਈਜ ਵੇਰਵਾ (ਸਮਾਂ ਸਵੇਰੇ 7 ਵਜੇ ਤੋਂ ਸਵੇਰੇ 11 ਵਜੇ)

ਜੋਨ ਏ- ਕੋਟਕਪੂਰਾ, ਉਹ ਦੁਕਾਨਾਂ ਜਿਹੜੀਆਂ ਮੁਕਤਸਰ ਰੋਡ ਤੋਂ ਖੱਬੇ ਪਾਸੇ ਤੋਂ ਬੱਤੀਆਂ ਵਾਲਾ ਚੌਂਕ ਤੋਂ ਮੋਗਾ ਰੋਡ ਤੱਕ ਹਨ, ਸੋਮਵਾਰ ਤੇ ਵੀਰਵਾਰ ਤੱਕ ਸਵੇਰੇ 7 ਵਜੇ ਤੋਂ ਸਵੇਰੇ 11 ਵਜੇ ਤੱਕ ਖੁੱਲਣਗੀਆਂ।

ਜੋਨ ਬੀ- ਕੋਟਕਪੂਰਾ, ਉਹ ਦੁਕਾਨਾਂ ਜਿਹੜੀਆਂ ਮੁਕਤਸਰ ਰੋਡ ਤੋਂ ਸੱਜੇ ਪਾਸੇ ਤੋਂ ਬੱਤੀਆਂ ਵਾਲਾ ਚੌਂਕ ਤੋਂ ਪੁਰਾਣਾ ਜੈਤੋ ਰੋਡ ਤੱਕ ਹਨ,ਮੰਗਲਵਾਰ ਤੇ ਸੁਕਰਵਾਰ ਸਵੇਰੇ 7 ਵਜੇ ਤੋਂ ਸਵੇਰੇ 11 ਵਜੇ ਤੱਕ ਖੁੱਲਣਗੀਆਂ।

ਜੋਨ ਸੀ- ਕੋਟਕਪੂਰਾ, ਉਹ ਦੁਕਾਨਾਂ ਜਿਹੜੀਆਂ ਬੱਤੀਆਂ ਵਾਲਾ ਚੌਂਕ ਦੇ ਵਿਚ ਹਨ ਤੋਂ ਓਲਡ ਜੈਤੋ ਰੋਡ ਅਤੇ ਮੋਗਾ ਰੋਡ ਤੱਕ, ਬੁੱਧਵਾਰ ਅਤੇ ਸ਼ਨੀਵਾਰ ਸਵੇਰੇ 7 ਵਜੇ ਤੋਂ ਸਵੇਰੇ 11 ਵਜੇ ਤੱਕ ਖੁੱਲਣਗੀਆਂ।

ਜੈਤੋ ਦਾ ਜੋਨ ਵਾਈਜ ਵੇਰਵਾ (ਸਮਾਂ ਸਵੇਰੇ 7 ਵਜੇ ਤੋਂ ਸਵੇਰੇ 11 ਵਜੇ)

ਜੋਨ ਏ- ਜੈਤੋ, ਉਹ ਦੁਕਾਨਾਂ ਜਿਹੜੀਆਂ ਸਿਰਫ ਕੋਟਕਪੂਰਾ ਤੋਂ ਬਠਿੰਡਾ ਮੇਨ ਰੋਡ ਦੇ ਖੱਬੇ ਪਾਸੇ ਹਨ, ਸੋਮਵਾਰ ਤੇ ਵੀਰਵਾਰ ਸਵੇਰੇ 7 ਵਜੇ ਤੋਂ ਸਵੇਰੇ 11 ਵਜੇ ਤੱਕ ਖੁੱਲਣਗੀਆਂ।

ਜੋਨ ਬੀ- ਜੈਤੋ, ਉਹ ਦੁਕਾਨਾਂ ਜਿਹੜੀਆਂ ਕੋਟਕਪੂਰਾ ਬਠਿੰਡਾ ਰੋਡ ਦੇ ਵਿਚਕਾਰ,ਰੇਲਵੇ ਲਾਈਨ ਤੱਕ, ਮੰਗਲਵਾਰ ਤੇ ਸ਼ੁਕਰਵਾਰ ਸਵੇਰੇ 7 ਵਜੇ ਤੋਂ ਸਵੇਰੇ 11 ਵਜੇ ਤੱਕ ਖੁੱਲਣਗੀਆਂ।

ਜੋਨ ਸੀ- ਜੈਤੋ,ਰੇਲਵੇ ਕਰੋਸਿੰਗ ਤੋਂ ਪਾਰ ਦੀਆਂ ਦੁਕਾਨਾਂ, ਬਸਤੀ ਪੀਰ ਖਾਨਾ ਤੋਂ ਮੁਕਤਸਰ ਰੋਡ, ਬੁੱਧਵਾਰ ਤੇ ਸ਼ਨੀਵਾਰ ਸਵੇਰੇ 7 ਵਜੇ ਤੋਂ ਸਵੇਰੇ 11 ਵਜੇ ਤੱਕ ਖੁੱਲਣਗੀਆਂ।

ਇਨ੍ਹਾਂ ਖੇਤਰਾਂ ਵਿਚ ਦੁਕਾਨਾਂ ਖੋਲਣ ਵਾਲੇ ਦੁਕਾਨਦਾਰ ਅਤੇ ਇਨ੍ਹਾਂ ਦੁਕਾਨਾਂ ਤੇ ਆਉਣ ਵਾਲੇ ਲੋਕ ਸਮਾਜਿਕ ਦੂਰੀ ਬਣਾਈ ਰੱਖਣਗੇ।ਦੁਕਾਨਦਾਰ ਸਮਾਜਿਕ ਦੂਰੀ ਬਣਾਈ ਰੱਖਣ ਲਈ ਆਪਣੀਆਂ ਦੁਕਾਨਾਂ ਦੇ ਅੱਗੇ ਚੱਕਰ ਲਗਾਉਣਗੇ।ਇਸ ਤੋਂ ਇਲਾਵਾ ਦੁਕਾਨਦਾਰ ਅਤੇ ਗਾਹਕ ਕੋਵਿਡ-19 ਤੋਂ ਬਚਾਅ ਲਈ ਸੈਨੇਟਾਈਜ਼ਰ ਦੀ ਵਰਤੋਂ, ਅਤੇ ਮੂੰਹ ਨੂੰ ਢੱਕਣ ਲਈ ਮਾਸਕ ਜਾਂ ਕੱਪੜੇ ਦੀ ਵਰਤੋਂ ਕਰਨਗੇ।

ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਨਿਰਧਾਰਿਤ ਸਮੇਂ ਤੋਂ ਭਾਵ ਸਵੇਰੇ 7 ਵਜੇ ਤੋਂ ਸਵੇਰੇ 11 ਵਜੇ ਤੋਂ ਬਾਅਦ ਕਿਸੇ ਕਿਸਮ ਦੀਆਂ ਦੁਕਾਨਾਂ ਨਹੀਂ ਖੁੱਲੇਗੀਆਂ ਅਤੇ ਐਤਵਾਰ ਨੂੰ ਕੋਈ ਦੁਕਾਨ ਨਹੀਂ ਖੁੱਲੇਗੀ।

ਖਰੀਦਦਾਰੀ ਕਰਨ ਸਮੇਂ ਸਾਈਕਲ ਅਤੇ ਮੋਟਰ ਸਾਈਕਲ/ਸਕੂਟਰ ( ਟੂ ਵੀਲਰਜ਼) ਤੇ ਇਕ ਵਿਅਕਤੀ ਅਤੇ ਫੋਰ ਵੀਲਰਜ਼ ਤੇ ਦੋ ਵਿਅਕਤੀ ( ਇਕ ਡਰਾਈਵਰ ਅਤੇ ਇਕ ਪਿਛਲੀ ਸੀਟ ) ਤੇ ਹੀ ਫਰੀਦਕੋਟ ਜ਼ਿਲ੍ਹੇ ਵਿਚ (ਐਤਵਾਰ ਨੂੰ ਛੱਡ ਕੇ) ਉਪਰੋਕਤ ਸਮੇਂ ਲਈ ਖਰੀਦਦਾਰੀ ਵਾਸਤੇ ਆ ਜਾ ਸਕਦੇ ਹਨ।

ਇਹ ਹੁਕਮ ਅਗਲੇ ਹੁਕਮਾਂ ਤੱਕ ਲਾਗੂ ਰਹੇਗਾ।

Dispatch No. I/21584/2020

## ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਰੀਦਕੋਟ

## ਜਿਹੜੇ ਲੋਕ ਆਪਣੇ ਗ੍ਰਹਿ ਰਾਜਾਂ ਵਿੱਚ ਜਾਣਾ ਚਾਹੁੰਦੇ ਹਨ, ਉਹ http://covidhelp.punjab.gov.in ਜਾਂ PunjabOutRegifications.aspx 'ਤੇ ਬਿਨੈ ਪੱਤਰ ਦਾਇਰ ਕਰੋ: ਡਿਪਟੀ ਕਮਿਸ਼ਨਰ

### ਪਰਿਵਾਰ ਸਮੇਤ ਆਪਣੇ ਗ੍ਰਹਿ ਰਾਜਾਂ ਜਾਣ ਦੇ ਚਾਹਵਾਨ ਲੋਕ ਸਾਰੀ ਜਾਣਕਾਰੀ 3 ਮਈ ਨੂੰ ਸਵੇਰੇ 9 ਵਜੇ ਤੱਕ, ਦਾਇਰ ਕਰਨਗੇ,

### ਮੈਡੀਕਲ ਜਾਂਚ ਤੋਂ ਬਾਅਦ, ਉਨ੍ਹਾਂ ਨੂੰ ਵਾਪਸ ਜਾਣ ਦੀ ਆਗਿਆ ਦਿੱਤੀ ਜਾਏਗੀ

### ਪਿੰਡਾਂ ਦੇ ਸਰਪੰਚ, ਪ੍ਰਵਾਸੀ ਮਜ਼ਦੂਰ ਸੰਗਠਨ ਤੇ ਪੇਂਡੂ ਵਿਕਾਸ ਵਿਭਾਗ ਨੂੰ ਸਬੰਧਤ ਲੋਕਾਂ ਨੂੰ ਜਾਣੂ ਕਰਵਾਉਣ ਲਈ ਕਿਹਾ

ਫਰੀਦਕੋਟ 1 ਮਈ ( ) ਕਰਫਿਊ ਕਾਰਨ ਜ਼ਿਲ੍ਹਾ ਫਰੀਦਕੋਟ ਵਿੱਚ ਰਹਿੰਦੇ ਦੂਜੇ ਰਾਜਾਂ ਦੇ ਲੋਕਾਂ ਨੂੰ ਆਪਣੇ ਗ੍ਰਹਿ ਰਾਜ ਵਾਪਸ ਪਰਤਣ ਲਈ ਆਨਲਾਈਨ ਅਰਜ਼ੀ ਦਾਖਲ ਕਰਨੀ ਪਏਗੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਘਰ ਪਰਤਣ ਲਈ ਲੋੜੀਂਦੀ ਪ੍ਰਵਾਨਗੀ ਜਾਰੀ ਕਰ ਦਿੱਤੀ ਜਾਵੇਗੀ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਫਰੀਦਕੋਟ ਸ੍ਰੀ ਕੁਮਾਰ ਸੌਰਭ ਰਾਜ ਨੇ ਦਿੱਤੀ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਦੂਜੇ ਰਾਜਾਂ ਦੇ ਲੋਕਾਂ ਲਈ ਇੱਕ ਆਨਲਾਈਨ ਫਾਰਮ ਦਾ ਪ੍ਰਬੰਧ ਕੀਤਾ ਹੈ, ਇਸ ਨੂੰ ਭਰ ਕੇ ਲੋਕ ਵਾਪਸੀ ਲਈ ਬਿਨੈ ਪੱਤਰ ਦਾਖਲ ਕਰ ਸਕਦੇ ਹਨ। ਇਹ ਫਾਰਮ http://covidhelp.punjab.gov.in ਅਤੇ PunjabOutRegifications.aspx ਲਿੰਕ ਤੇ ਕਲਿੱਕ ਕਰਕੇ ਖੋਲ੍ਹਿਆ ਜਾ ਸਕਦਾ ਹੈ.

ਉਨ੍ਹਾਂ ਕਿਹਾ ਕਿ ਆਪਣੇ ਰਾਜ ਵਿੱਚ ਵਾਪਸ ਜਾਣ ਦੀ ਇੱਛਾ ਰੱਖਣ ਵਾਲਿਆਂ ਨੂੰ 3 ਮਈ ਸਵੇਰੇ 9 ਵਜੇ ਤੱਕ ਫਾਰਮ ਭਰਨਾ ਪਏਗਾ, ਜਿਸ ਤੋਂ ਬਾਅਦ ਉਨ੍ਹਾਂ ਦੀ ਸਿਹਤ ਦੀ ਜਾਂਚ ਦੀ ਪ੍ਰਕਿਰਿਆ 4 ਮਈ ਨੂੰ ਮੁਕੰਮਲ ਹੋ ਜਾਵੇਗੀ। ਉਨ੍ਹਾਂ ਦੀ ਨੇੜਲੇ ਕਮਿਊਨਿਟੀ ਹੈਲਥ ਸੈਂਟਰ ਜਾਂ ਪ੍ਰਾਇਮਰੀ ਹੈਲਥ ਸੈਂਟਰ ਵਿਖੇ ਸਿਹਤ ਜਾਂਚ ਹੋਵੇਗੀ, ਜਿਸ ਤੋਂ ਬਾਅਦ ਡਾਕਟਰ ਦੀ ਤਰਫੋਂ ਸਬੰਧਤ ਵਿਅਕਤੀ ਨੂੰ ਇਕ ਸਰਟੀਫਿਕੇਟ ਜਾਰੀ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬੱਸਾਂ ਦੇ ਵਾਪਸ ਜਾਣ ਦੇ ਪ੍ਰਬੰਧਾਂ ਸਮੇਤ ਸਕ੍ਰੀਨਿੰਗ ਸਮੇਤ ਸਾਰੀ ਜਾਣਕਾਰੀ ਸਬੰਧਤ ਬਿਨੈਕਾਰਾਂ ਨੂੰ ਉਨ੍ਹਾਂ ਦੇ ਮੋਬਾਈਲ ਨੰਬਰ ' ਤੇ ਮੁਹੱਈਆ ਕਰਵਾਈ ਜਾਵੇਗੀ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬਿਨੈਕਾਰ ਨੂੰ ਉਕਤ ਲਿੰਕ 'ਤੇ ਫਾਰਮ ਭਰਦੇ ਸਾਰ ਹੀ ਯੂ.ਆਈ.ਡੀ. ਨੰਬਰ ਜਾਰੀ ਕਰ ਦਿੱਤਾ ਜਾਵੇਗਾ, ਜਿਸ ਰਾਹੀਂ ਉਹ ਕਿਸੇ ਵੀ ਸਮੇਂ ਆਪਣੀ ਅਰਜ਼ੀ ਦੀ ਸਥਿਤੀ ਦਾ ਪਤਾ ਲਗਾ ਸਕਦੇ ਹਨ. ਬਿਨੈਕਾਰ ਨੂੰ ਆਪਣਾ ਵੇਰਵਾ, ਉਸਦੇ ਪਰਿਵਾਰਕ ਮੈਂਬਰਾਂ ਦਾ ਵੇਰਵਾ ਭਰਨਾ ਪਏਗਾ, ਜਿਸਦੇ ਬਾਅਦ ਉਸਨੂੰ ਆਪਣੀ ਸਿਹਤ ਦੀ ਜਾਂਚ ਕਰਵਾਉਣੀ ਪਏਗੀ। ਇਸ ਜਾਂਚ ਤੋਂ ਬਾਅਦ ਉਸ ਨੂੰ ਇਕ ਸਰਟੀਫਿਕੇਟ ਵੀ ਦਿੱਤਾ ਜਾਵੇਗਾ। ਸਿਹਤ ਜਾਂਚ ਲਈ ਸਕ੍ਰੀਨਿੰਗ ਕੈਂਪਾਂ ਦਾ ਵੇਰਵਾ ਬਿਨੈਕਾਰ ਨੂੰ ਬਿਨੈਪੱਤਰ ਦੇ ਨਾਲ ਦਿੱਤੇ ਗਏ ਉਨ੍ਹਾਂ ਦੇ

ਮੋਬਾਈਲ ਨੰਬਰਾਂ 'ਤੇ ਸਾਂਝਾ ਕੀਤਾ ਜਾਵੇਗਾ। ਡਿਪਟੀ ਕਮਿਸ਼ਨਰ ਨੇ ਫਰੀਦਕੋਟ ਵਿਚ ਰਹਿੰਦੇ ਹੋਰ ਰਾਜਾਂ ਦੇ ਲੋਕ ਜਿਹੜੇ ਘਰ ਜਾਣਾ ਚਾਹੁੰਦੇ ਹਨ ਨੂੰ ਅਪੀਲ ਕੀਤੀ ਹੈ ਕਿ ਉਹ ਆਪਣਾ ਬਿਨੈ ਪੱਤਰ http://covidhelp.punjab.gov.in ਜਾਂ PunjabOutRegifications.aspx ' ਵਿਖੇ 3 ਮਈ ,ਸਵੇਰੇ 9 ਵਜੇ ਤੱਕ ਜਮ੍ਹਾ ਕਰਵਾਉਣ। ਤਾਂ ਜੋ ਉਨ੍ਹਾਂ ਦੀ ਅਰਜ਼ੀ 'ਤੇ ਅਗਲੇਰੀ ਕਾਰਵਾਈ ਆਰੰਭ ਕੀਤੀ ਜਾ ਸਕੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਬਿਨੈ ਪੱਤਰ ਦਾਖਲ ਕਰਨ ਵਾਲੇ ਸਾਰੇ ਲੋਕਾਂ ਨੂੰ ਵਾਪਸ ਭੇਜਣ ਦੀ ਪ੍ਰਕਿਰਿਆ 5 ਮਈ, 2020 ਤੋਂ ਸ਼ੁਰੂ ਕੀਤੀ ਜਾਏਗੀ।

ਡਿਪਟੀ ਕਮਿਸ਼ਨਰ ਸ੍ਰੀ ਕੁਮਾਰ ਸੌਰਭ ਰਾਜ ਨੇ ਪਰਵਾਸੀ ਮਜ਼ਦੂਰ ਸੰਗਠਨਾਂ ਦੇ ਅਹੁਦੇਦਾਰਾਂ, ਪਿੰਡਾਂ ਦੇ ਸਰਪੰਚਾਂ ਅਤੇ ਪੇਂਡੂ ਵਿਕਾਸ ਵਿਭਾਗ ਦੇ ਅਧਿਕਾਰੀਆਂ ਨੂੰ ਇਸ ਕੰਮ ਵਿੱਚ ਵਾਪਸ ਆਉਣ ਦੇ ਚਾਹਵਾਨਾਂ ਦੀ ਸਹਾਇਤਾ ਕਰਨ ਅਤੇ ਇਨ੍ਹਾਂ ਨਿਰਦੇਸ਼ਾਂ ਤੋਂ ਜਾਣੂ ਕਰਵਾਉਣ ਲਈ ਕਿਹਾ ਹੈ।

ਦਫਤਰ ਜਿਲਾ ਲੋਕ ਸੰਪਰਕ ਅਫਸਰ, ਫਰੀਦਕੋਟ

ਜਿਲੇ ਦੀਆਂ ਮੰਡੀਆਂ ਵਿੱਚ ਕੱਲ ਤੱਕ 403323 ਮੀਟਰਕ ਟਨ ਕਣਕ ਦੀ ਆਮਦ ਹੋਈ

ਵੱਖ ਵੱਖ ਖਰੀਦ ਏਜੰਸੀਆਂ ਵੱਲੋਂ 400447 ਮੀਟਰਕ ਟਨ ਕਣਕ ਦੀ ਕੀਤੀ ਗਈ ਖਰੀਦ

ਹੁਣ ਤੱਕ 240923 ਮੀਟਰਕ ਟਨ ਦੀ ਲਿਫਟਿੰਗ ਹੋਈ

ਫਰੀਦਕੋਟ 01 ਮਈ ( ) ਜਿਲਾ ਖੁਰਾਕ ਤੇ ਸਪਲਾਈ ਕੰਟਰੋਲਰ ਸ੍ਰੀ ਜਸਪ੍ਰੀਤ ਸਿੰਘ ਕਾਹਲੋਂ ਨੇ ਦੱਸਿਆ ਕਿ ਜਿਲੇ ਦੀਆਂ ਮੰਡੀਆਂ ਵਿੱਚ ਕੱਲ ਤੱਕ 403323 ਮੀਟਰਕ ਟਨ ਕਣਕ ਦੀ ਆਮਦ ਹੋਈ ਹੈ ਜਿਸ ਵਿਚੋਂ ਖਰੀਦ ਏਜੰਸੀਆਂ ਵੱਲੋਂ 400447ਮੀਟਰਕ ਟਨ ਕਣਕ ਦੀ ਖਰੀਦ ਕੀਤੀ ਗਈ ਹੈ।

ਉਨਾਂ ਦੱਸਿਆ ਕਿ ਕੱਲ ਸ਼ਾਮ ਤੱਕ ਪਨਗ੍ਰੇਨ ਵੱਲੋਂ 128754 ਮੀਟਰਕ ਟਨ, ਮਾਰਕਫੈੱਡ ਵੱਲੋਂ 97123 ਮੀਟਰਕ ਟਨ,ਪਨਸਪ ਵੱਲੋਂ 86815 ਮੀਟਰਕ ਟਨ ,ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਵੱਲੋਂ 57225 ਮੀਟਰਿਕ ਟਨ ਅਤੇ ਐਫ ਸੀ ਆਈ ਵੱਲੋਂ 30530 ਮੀਟਰਿਕ ਟਨ ਕਣਕ ਦੀ ਖਰੀਦ ਕੀਤੀ ਗਈ ਹੈ ਅਤੇ ਲਿਫਟਿੰਗ ਦਾ ਕੰਮ ਵੀ ਤੇਜੀ ਨਾਲ ਚਲ ਰਿਹਾ ਹੈ।ਜਿਲੇ ਦੇ ਖਰੀਦ ਕੇਂਦਰਾਂ ਵਿੱਚੋਂ ਵਿਚ ਲਿਫਟਿੰਗ ਦੇ ਕੰਮ ਵਿਚ ਹੋਰ ਤੇਜੀ ਲਿਆਂਦੀ ਗਈ ਹੈ ਅਤੇ ਜ਼ਿਲ੍ਹੇ ਦੀਆਂ ਮੰਡੀਆਂ ਵਿਚੋਂ ਹੁਣ ਤੱਕ 240923 ਮੀਟਰਕ ਟਨ ਦੀ ਲਿਫਟਿੰਗ ਹੋ ਚੁੱਕੀ ਹੈ ।

Dispatch No. I/21612/2020

ਦਫਤਰ ਜ਼ਿਲਾ ਲੋਕ ਸੰਪਰਕ ਅਫਸਰ, ਫਰੀਦਕੋਟ

ਹਜ਼ੂਰ ਸਾਹਿਬ ਤੋਂ ਫਰੀਦਕੋਟ ਪਹੁੰਚੇ 126 ਸ਼ਰਸ਼ਧਾਲੂਆਂ ਦੇ ਸੈਂਪਲ ਜਾਂਚ ਲਈ ਭੇਜੇ

ਕੋਵਿਡ-19 ਤਹਿਤ 324 ਸੈਂਪਲਾਂ ਦੇ ਨਤੀਜੇ ਬਾਕੀ

ਜ਼ਿਲੇ ਦੇ ਤੀਸਰੇ ਪਾਜ਼ੇਟਿਵ ਕੇਸ ਦਾ ਸੈਂਪਲ ਵੀ ਅਮ੍ਰਿਤਸਰ ਲੈਬ 'ਚ ਭੇਜਿਆ

ਫਰੀਦਕੋਟ 1 ਮਈ,2020 ( )ਸਿਹਤ ਵਿਭਾਗ ਫਰੀਦਕੋਟ ਵੱਲੋਂ ਕੋਵਿਡ-19 ਦੇ ਸਬੰਧ ਵਿੱਚ ਸ਼ੱਕੀ ਮਰੀਜ਼ਾਂ ਦੀ ਭਾਲ ਲਈ ਅਤੇ ਬਾਹਰਲੇ ਸੂਬਿਆਂ ਤੋਂ ਆਏ ਵਿਅਕਤੀਆਂ ਦੀ ਮੈਡੀਕਲ ਸਕਰੀਨਿੰਗ ਅਤੇ ਕੋਵਿਡ-19 ਦੇ ਸੈਂਪਲ ਲੈਣ ਦਾ ਕੰਮ ਚੱਲ ਰਿਹਾ ਹੈ ਅਤੇ ਹਰ ਪਿੰਡ-ਕਸਬੇ ਵਿੱਚ ਸਰਵੇ ਦਾ ਕੰਮ ਜਾਰੀ ਹੈ।

ਸਿਵਲ ਸਰਜਨ ਫਰੀਦਕੋਟ ਡਾ.ਰਜਿੰਦਰ ਕੁਮਾਰ ਨੇ ਦੱਸਿਆ ਕਿ ਹਜ਼ੂਰ ਸਹਿਬ ਤੋਂ ਹਾਲ ਹੀ ਵਿੱਚ ਫਰੀਦਕੋਟ ਜ਼ਿਲੇ ਵਿੱਚ ਪਰਤੇ 126 ਸ਼ਰਧਾਲੂਆਂ ਦੇ ਸਿਹਤ ਵਿਭਾਗ ਦੀ ਟੀਮ ਨੇ ਸੈਂਪਲ ਇਕੱਤਰ ਕਰ ਲੈਬ ਵਿੱਚ ਭੇਜ ਦਿੱਤੇ ਹਨ।ਇਹਨਾਂ ਸੈਂਪਲਾਂ ਵਿੱਚੋਂ 12 ਰਿਪੋਰਟ ਨੈਗੇਟਿਵ ਹੈ ਅਜੇ ਤੱਕ 3 ਮਰੀਜ਼ ਕੋਰੋਨਾ ਪਾਜ਼ੇਟਿਵ ਆਏ ਹਨ ਜੋ ਜੇਰੇ ਇਲਾਜ ਹਨ।ਬਾਹਰਲੇ ਸੂਬਿਆਂ ਤੋਂ ਆਏ ਵਿਅਕਤੀਆਂ ਅਤੇ ਜ਼ਿਲੇ ਵਿੱਚ ਆਮ ਲੋਕਾਂ ਲਈ ਸਥਾਪਿਤ ਫਲੂ ਕਾਰਨਰ ਤੇ ਕੋਰੋਨਾ ਦੇ ਅੱਜ ਤੱਕ ਕੁੱਲ 541 ਸੈਂਪਲ ਇਕੱਤਰ ਕਰ ਲੈਬ ਵਿੱਚ ਭੇਜੇ ਜਾ ਚੁੱਕੇ ਹਨ।

ਡਾ.ਰਜਿੰਦਰ ਕੁਮਾਰ ਨੇ ਦੱਸਿਆ ਕਿ ਜ਼ਿਲੇ ਦੇ ਤੀਸਰੇ ਪਾਜ਼ੇਟਿਵ ਮਰੀਜ਼ ਦਾ ਵੀ ਸੈਂਪਲ ਵੀ ਅਮ੍ਰਿਤਸਰ ਲੈਬ ਵਿਚ ਟੈਸਟ ਲਈ ਭੇਜ ਦਿੱਤਾ ਗਿਆ ਹੈ ਜੇ ਉਸ ਦੀ ਰਿਪੋਰਟ ਵੀ ਨੈਗੇਟਿਵ ਆਉਂਦੀ ਹੈ ਤਾਂ ਉਸ ਦਾ 24 ਘੰਟੇ ਬਾਅਦ ਹੀ ਦੂਸਰਾ ਸੈਂਪਲ ਵੀ ਟੈਸਟ ਲਈ ਭੇਜ ਦਿੱਤਾ ਜਾਵੇਗਾ ਤੇ ਉਸਨੂੰ ਵੀ ਹਸਪਤਾਲ ਤੋਂ ਛੁੱਟੀ ਮਿਲਣ ਦੇ ਅਸਾਰ ਬਣ ਜਾਣਗੇ।ਮਾਨਯੋਗ ਡਿਪਟੀ ਕਮਿਸ਼ਨਰ ਫਰੀਦਕੋਟ ਕੁਮਾਰ ਸੌਰਭ ਰਾਜ ਆਈ.ਏ.ਐਸ ਦੀ ਯੋਗ ਅਗਵਾਈ ਹੇਠ ਬਾਹਰਲੇ ਸੂਬੇ ਤੋਂ ਆਏ ਵਿਅਤਕਤੀਆਂ ਦੇ ਰਹਿਣ ਸਹਿਣ,ਖਾਣ-ਪੀਣ, ਮੈਡੀਕਲ ਜਾਂਚ ਅਤੇ ਸੈਂਪਲ ਇਕੱਤਰ ਕਰਨ ਦਾ ਪ੍ਰਬੰਧ ਵੀ ਕੀਤਾ ਗਿਆ ਹੈ।ਇਹਨਾਂ ਪ੍ਰਬੰਧਾਂ ਲਈ ਵੱਖ-ਵੱਖ ਅੀਧਕਾਰੀਆਂ ਦੀ ਡਿਊਟੀ ਵੀ ਲਗਾਈ ਗਈ ਹੈ।ਉਨਾਂ ਸਮੂਹ ਸਿਹਤ ਵਿਭਾਗ ਦੇ ਫੀਲਡ ਸਟਾਫ,ਬਲਾਕ ਐਜੂਕੇਟਰਾਂ ਅਤੇ ਪੰਚਾਇਤਾਂ ਨੂੰ ਅਪੀਲ ਕੀਤੀ ਕਿ ਆਪਸੀ ਤਾਲਮੇਲ ਕਰਕੇ ਬਾਹਰਲੇ ਸੂਬਿਆਂ ਤੋਂ ਆਏ ਵਿਅਕਤੀਆਂ ਨੂੰ ਇਕਾਂਤਵਾਸ ਸੈਂਟਰਾਂ ਵਿੱਚ ਪਹੁੰਚਾਉਣ ਲਈ ਉਪਰਾਲੇ ਕੀਤੇ ਜਾਣ।ਕਿਸੇ ਵੀ ਕਿਸਮ ਦੀ ਜਾਣਕਾਰੀ ਲਈ ਜ਼ਿਲੇ ਦੀਆਂ ਸਿਹਤ ਸੰਸਥਾਵਾਂ ਦੇ ਸੀਨੀਅਰ ਮੈਡੀਕਲ ਅਫਸਰਾਂ ਨਾਲ ਵੀ ਸੰਪਰਕ ਕੀਤਾ ਜਾ ਸਕਦਾ ਹੈ।